



ਖਿਆਲਾਂ
ਦੇ
ਸ਼ਬਦ
ਮਨਜਿੰਦਰ ਸਿੰਘ
www.PunjabiLibrary.com


ਇੱਕ ਗੱਲ ਕਹਾਂ.....
ਮਿੱਠੀਆ ਗੱਲਾਂ ਸੁਣ ਕੇ ਕਦੇ ਵੀ ਇਤਬਾਰ ਨਾਂ ਕਰੀ ਕਿਓਕਿ ਮੈਂ ਸੁਣਿਆ ਵੀ....
ਚਿੱਟਾ ਰੰਗ ਖੰਡ ਦਾ ਅਸਲੀ ਰੂਪ ਨੀ ਹੁੰਦਾ.....ਮਨੀ
– ਜਜਬਾਤ ਮੇਰੇ.............


ਚੇਹਰੇ ਪੜ੍ਹਨਾ ਹਰੇਕ ਦੇ ਵੱਸ ਦੀ ਗੱਲ ਨੀ ਜਨਾਬ ਏਦੇ ਲਈ ਦਿਲ ਤੋਂ
ਜੁੜਨਾ ਪੈਂਦਾ ਤੇ ਜਿਆਦਾਤਰ ਲੋਕ...... ਦਿਮਾਗ ਤੋਂ ਜੁੜਦੇ ਨੇ.....ਮਨੀ
– ਜਜਬਾਤ ਮੇਰੇ............


ਕੌੜਾ ਸੱਚ.....


ਜੋ ਗੱਲਾਂ ਕਰਦਾ ਸੀ ਇਸ਼ਕ ਚ ਵਫ਼ਾ ਦੇਣ ਦੀਆ ਥੋੜਾ ਦੁਪੱਟਾ ਕੀ


ਖਿਸਕਿਆ ਜਨਾਬ ਓਹਦੇ ਤਾਂ ਅਸੂਲ ਹੀ ਖਿਸਕ ਗੇ.....ਮਨੀ


– ਜਜਬਾਤ ਮੇਰੇ...........






ਪਤਾ ਨੀ ਕੀ ਰਿਸ਼ਤਾ ਸੀ ਓਸ ਅਣਜਾਣ ਨਾਲ ਜਿਹੜਾ ਮਿਲਦਿਆਂ ਹੀ
ਰੁਮਾਲ ਬਣਕੇ ਮੇਰੇ ਸਾਰੇ ਹੰਝੂ ਸੋਖ ਗਿਆ....ਮਨੀ
– ਜਜਬਾਤ ਮੇਰੇ.............



ਗੌਰ ਕਰੀ.....
ਜੋ ਬਣਦੇ ਸੱਚੇ ਆਸ਼ਿਕ ਜਿਹੇ ਮੈਂ ਝੂਠੇ ਹੁੰਦੇ ਦੇਖੇ ਨੇ।
ਸੁੱਚੇ ਜਿਹੇ ਜੋ ਲੱਗਦੇਂ ਸੀ ਗੱਲ ਬਾਤ ਕਰਨ ਤੋਂ ਏਦਾ ਲੱਗਦਾ ਇੱਕ ਦੇ ਹੀ ਇਹ ਹੋਵਣ ਗੇ ......
ਮੈਂ ਬੱਸ ਅੱਡਿਆਂ ਤੇ ਜੂਠੇ ਹੁੰਦੇ ਦੇਖੇ ਨੇ....ਮਨੀ
– ਜਜਬਾਤ ਮੇਰੇ............



ਰੁੱਸਦੇ ਤਾਂ ਹੁਣ ਵੀ ਬਹੁਤ ਨੇ ਮੇਰੇ ਨਾਲ ਪਰ ਮਾਂ ਤੇਰਾ ਰੁੱਸਣਾ ਅੱਲਗ ਸੀ
ਜਿਵੇਂ ਮੇਰਾ ਗੁੱਸੇ ਹੋ ਕੇ ਰੋਟੀ ਨਾ ਖਾਣ ਤੇ ਤੇਰਾ.......ਅੰਨ ਨਾਲ ਰੁੱਸ ਜਾਣਾ.....ਮਨੀ
– ਜਜਬਾਤ ਮੇਰੇ............



ਚਲੇ ਗਏ ਦੇ ਮਗਰ ਨਾ ਭੱਜੋ ਜਨਾਬ ਭਾਵੇਂ ਓਹ ਇਨਸਾਨ ਹੈ ਜਾ ਚੀਜ
ਇਸ ਆਦਤ ਨਾਲ ਤੁਸੀ ਓਹ ਗਵਾ ਬੈਠੋਂਗੇ ਜੋਂ ਤੁਹਾਡੇ ਕੋਲ ਰਹਿ ਗਿਆ ਏ.....ਮਨੀ
– ਜਜਬਾਤ ਮੇਰੇ............



ਕੁੱਝ ਦੋਸਤ ਪਰਛਾਵੇਂ ਵਰਗੇ ਹੁੰਦੇ ਨੇ ਸਿਰਫ ਰੌਸ਼ਨੀ ਚ ਹੀ ਸਾਥ ਦਿੰਦੇ ਨੇ
ਤੇ ਹਨੇਰੇ ਚ ਰੌਸ਼ਨੀ ਦੇ ਨਾ ਹੋਣ ਦਾ ਬਹਾਨਾ ਲਾ ਕੇ ਗਾਇਬ ਹੋ ਜਾਂਦੇ ਨੇ.....ਮਨੀ
– ਜਜਬਾਤ ਮੇਰੇ............



ਹੱਥ ਮਿਲਾਉਣ ਵਾਲੇ ਬਹੁਤ ਮਿਲਣਗੇ ਦਿਲ ਮਿਲਾਉਣ ਵਾਲੇ ਬਹੁਤ ਘੱਟ।
ਤੂੰ ਦਿਲ ਮਿਲਾਉਣ ਵਾਲਿਆ ਨੂੰ ਮਿਲੀ ਮੈਂ ਸੁਣਿਆ ਸਿਰਫ ਹੱਥ
ਮਿਲਾਉਣ ਵਾਲੇ ਮਾੜੇ ਸਮਿਆਂ ਚ..... ਹੱਥ ਜੋੜ ਦਿੰਦੇ ਆ.....ਮਨੀ
– ਜਜਬਾਤ ਮੇਰੇ............



ਚੇਹਰੇ ਪੜ੍ਹਨਾ ਹਰੇਕ ਦੇ ਵੱਸ ਦੀ ਗੱਲ ਨੀ ਜਨਾਬ ਏਦੇ ਲਈ ਦਿਲ ਤੋਂ
ਜੁੜਨਾ ਪੈਂਦਾ ਤੇ ਜਿਆਦਾਤਰ ਲੋਕ...... ਦਿਮਾਗ ਤੋਂ ਜੁੜਦੇ ਨੇ.....ਮਨੀ
– ਜਜਬਾਤ ਮੇਰੇ............
YourQuote.in



ਪਤਾ ਨੀ ਕੀ ਰਿਸ਼ਤਾ ਸੀ ਓਸ ਅਣਜਾਣ ਨਾਲ ਜਿਹੜਾ ਮਿਲਦਿਆਂ ਹੀ
ਰੁਮਾਲ ਬਣਕੇ ਮੇਰੇ ਸਾਰੇ ਹੰਝੂ ਸੋਖ ਗਿਆ....ਮਨੀ
– ਜਜਬਾਤ ਮੇਰੇ............
YourQuote.in



ਵਿਛੋੜੇ ਦੀ ਹਕੀਕਤ ਤੋਂ ਡਰ ਲੱਗਦਾ ਸੱਜਣਾ ਦਿਲ ਕਰਦਾ
ਲੰਬੀ ਨੀਂਦ ਸੋ ਜਾਵਾਂ ਘੱਟੋ ਘੱਟ ਸੁਪਨਿਆਂ ਚ ਤੈਨੂੰ ਮਿਲ
ਤਾਂ ਲੈਣੇ ਆ...ਮਨੀ
– ਜਜਬਾਤ ਮੇਰੇ............


ਅਸੀ ਸਾਦਗੀ ਨਾ ਮੋਹੇ ਜਾਣ ਵਾਲਿਆਂ ਚੋ ਆ ਮਿੱਤਰਾ
ਬਰੈਂਡਾ ਤੇ ਡੁੱਲ੍ਹ ਜਾਣ ਵਾਲਿਆਂ ਚੋਂ ਨੀ... ਮਨੀ
– ਜਜਬਾਤ ਮੇਰੇ.............



ਛਿਲਤਾ ਤੇਰੀ ਯਾਦ ਦੀਆਂ ਸਾਡੇ ਦਿਲ ਵਿੱਚ ਅੱਜ ਵੀ ਖੁੱਬੀਆ ਨੇ।
ਤੇਰੇ ਖਿਆਲ ਤੋਂ ਖਹਿੜਾ ਨਾ ਛੁੱਟਿਆ ਅਸੀਂ ਕਈ ਥਾਂ ਲਾਈਆਂ ਚੁੱਭੀਆਂ ਨੇ।
ਜਿਨ੍ਹਾਂ ਕੱਚਿਆਂ ਤੇ ਵਿਸ਼ਵਾਸ ਕੀਤਾ ਨਾ ਕਦਰ ਪਈ ਇਤਬਾਰਾ ਦੀ ਬੱਸ
ਏਸੇ ਇੱਕੋ ਗੱਲ ਕਰਕੇ ਏਥੇ ਕਈ ਸੋਹਣੀਆਂ ਡੁੱਬੀਆਂ ਨੇ.... ਮਨੀ
– ਜਜਬਾਤ ਮੇਰੇ..............



ਆਪਣੇ ਆਪ ਚ ਰੁੱਝੇ ਲੱਗਦਾ ਕਿੱਥੇ ਵਖਤ ਹੁਣ ਕੱਢ ਦੇ ਨੇ ।
ਰੂਹਾਂ ਦੀਆ ਗਹਿਰਾਈਆ ਚ ਉੱਤਰ ਕੇ ਲੋਕ ਖੌਰੇ ਕਿਉਂ ਛੱਡਦੇ ਨੇ ।
ਜਾਲ ਵਿਸ਼ਾ ਮੋਹੱਬਤ ਵਾਲਾ ਜਦ ਦਿਲ ਚ ਘਰ ਕਰ ਜਾਂਦੇ ਨੇ ਇੱਕ ਗੱਲ
ਦੀ ਸਮਝ ਨੀ ਆਉਦੀ ਮਿੱਤਰਾ ਫੇਰ ਛੁਰਾ ਕਿਉ ਹਿਜ਼ਰ ਦਾ ਗੱਡ ਦੇ
ਨੇ......ਮਨੀ
– ਜਜਬਾਤ ਮੇਰੇ............



ਹਾਂ ਵਿਚਰਦਾ ਹਾਂ ਰੋਜ਼ਾਨਾ ਹਜ਼ਾਰਾਂ ਲੋਕਾਂ ਚ ਪਰ ਮਿਲਦਾ ਨੀ ਕਦੇ ਉਹਨਾਂ ਨੂੰ
ਮੈਂ
ਮਿਲਣ ਲਈ ਮਨ ਦਾ ਮੌਜੂਦ ਹੋਣਾ ਜ਼ਰੂਰੀ ਐ ਨਾ ਤਨ ਈ ਕਾਫੀ ਨਹੀਂ ਨਾ ਤੇ
ਮਨ ਤਾਂ ਤੇਰੇ ਚ ਰੁੱਝਿਆ ਰਹਿੰਦਾ ਹਲੇ ਵੀ....... ਮਨੀ
– ਜਜਬਾਤ ਮੇਰੇ.............
EXPLORE THE UNKNOWN



ਨਿੱਤ ਬਾਜ਼ਾਰੋਂ ਕੱਠੇ ਕਰਕੇ ਫੁੱਲ ਤੇਰੇ ਲਈ ਲੈ ਆਉਂਦਾ ਹਾਂ
ਪਤਾ ਏ ਭਾਵੇਂ ਮੈਥੋਂ ਹੈ ਤੂੰ ਮੀਲਾ ਦੂਰ ਰਕਾਨੇ ਨੀ।
ਮਿਲਾਂਗੇ ਆਖਰੀ ਬੋਲ ਤੇਰੇ ਸੀ
ਵਿੱਚ ਸ਼ੀਸ਼ੇ ਮੈ ਤੱਕ ਕੇ ਖੁਦ ਨੂੰ ਜਦ ਤੇਰੇ ਬਾਰੇ ਸੋਚਾ।
ਚਿੱਤ ਉਦਾਸ ਜਾਂ ਕਰ ਜਾਂਦੇ ਆ ਤੇਰੇ ਲਾਏ ਬਹਾਨੇ ਨੀ.....ਮਨੀ
– ਜਜਬਾਤ ਮੇਰੇ.............



ਏਨਾ ਕ ਨਾਤਾ ਏ ਹੁਣ ਓਹਦੇ ਨਾਲ ਯਾਰਾਂ ਹਾਲ ਚਾਲ ਬਸ ਪੁੱਛ ਲਈਦਾ ਏ ।
ਦੇਵੇ ਨਾ ਜਵਾਬ ਜਦੋ ਓਹੋ ਬੱਸ ਅਪਨੇ ਆਪ ਚ ਰੁੱਸ ਲਈਦਾ ਏ...ਮਨੀ
– ਜਜਬਾਤ ਮੇਰੇ.........


ਮਜਬੂਰੀਆਂ ਦਾ ਬਹਾਨਾ ਲਾ ਕੇ ਨਾ ਛੱਡੀ ਮਿੱਤਰਾ ਸਿੱਧਾ ਦੱਸਦੀ
ਤੇਰੇ ਨਾਂ ਸਮਾਂ ਗੁਜ਼ਰ ਸੀ । ਕਿਉਂਕਿ ਤੈਨੂੰ ਪਤਾ ਨਾ ਸੱਚ ਨਾ ਕਿੰਨਾ
ਲਗਾਵ ਤੇਰੇ ਮਨੀ ਦਾ......
– ਜਜਬਾਤ ਮੇਰੇ...........


ਵਿਰਲਾ ਥਾਣੀ ਆ ਜਾਂਦੀ ਏ ਯਾਦ ਉਹਦੀ ਅਸੀ ਦਿਲ ਦੇ ਬੂਹੇ ਭੇੜ ਕੇ
ਯਾਰੋ ਥੱਕ ਚੁੱਕੇ ਆ।
ਅਸੀ ਬੜਾ ਈ ਜੋਰ ਲਗਾ ਲਿਆ ਏ ਸੋਚਾ ਨੂੰ ਘੇਰਾ ਪਾਂ ਲਿਆ ਏ।
ਓਹੋ ਖਿਆਲਾਂ ਚ ਆਉਣੋਂ ਨਹੀਂ ਹੱਟਦੀ ਅਸੀ ਕੋਸ਼ਿਸ਼ਾ ਕਰਕੇ ਅੱਕ ਚੁੱਕੇ
ਆ....ਮਨੀ
– ਜਜਬਾਤ ਮੇਰੇ............


ਸੱਚ ਘਿਓ ਵਰਗਾ ਹੁੰਦਾ ਮਿੱਤਰੋ ਕੁੱਤੇ ਲੋਕਾਂ
ਕੋਲੋ ਇਸ ਨੂੰ ਪਚਾਉਣ ਦੀ ਉਮੀਦ ਨਾ
ਕਰਿਆ ਕਰੋ.....ਮਨੀ
– ਜਜਬਾਤ ਮੇਰੇ............



ਰਿਸ਼ਤੇਦਾਰੀ ਚ ਪੈਸੇ ਦਾ ਲੈਣ ਦੇਣ ਰਿਸ਼ਤੇ ਖਰਾਬ ਨੀ ਕਰਦਾ ਜਨਾਬ। ਇਹ ਤਾਂ ਖਰਾਬ ਰਿਸ਼ਤਿਆਂ ਦੀ ਪਹਿਚਾਣ ਕਰਨ ਦਾ ਮੌਕਾ ਦਿੰਦਾ....ਲੈਣ ਦੇਣ.......ਮਨੀ
– ਜਜਬਾਤ ਮੇਰੇ............



ਹਾ ਮੰਨਦਾ ਮੈਂ ਕਦੇ ਲੋਕਾਂ ਸਾਹਮਣੇ ਆਪਣੇ ਪਿਆਰ ਦਾ ਇਜਹਾਰ ਨੀ
ਕੀਤਾ ਪਰ ਇੱਕ ਗੱਲ ਕਹਾਂ...... ਦਿਖਾਵੇ ਦੇ ਪਿਆਰ ਦੀ ਬਹੁਤੀ ਲੰਮੀ
ਉਮਰ ਨੀ ਹੁੰਦੀ ਸੱਜਣਾ....ਮਨੀ
– ਜਜਬਾਤ ਮੇਰੇ............


ਹੱਥ ਪੈਰ ਤੂੰ ਬੜੇ ਮਾਰੇਗਾ ਤੈਨੂੰ ਕਾਲ ਤੋਂ ਨਾ ਕਿਸੇ ਛਡਾਉਣਾ ਏ ।
ਵਖਤ ਥੋੜਾ ਜਿਹਾ ਕਿੱਥੋਂ ਮੰਗੇ ਗਾ ਆਖਰੀ ਵਖਤ ਤੇਰਾ ਜਦ ਆਉਣਾ ਏ।
ਤਾਹੀ ਕਹਿਣਾ ਖੁਸ਼ ਰਹਿ ਦਿਲਾ ਕਿਓਂ ਬੇਵਜਾਹ ਦੇ ਮਸਲੇ ਉਲਝਾਉਣਾ ਏ।
ਵਧਾਉਣਾ ਏ ਤਾਂ ਪਿਆਰ ਵਧਾ ਕਿਓ ਨਫਰਤ ਦਿਲਾ ਵਧਾਉਣਾਂ ਏ...
ਮਨੀ


– ਜਜਬਾਤ ਮੇਰੇ............





ਤੈਨੂੰ ਪਤਾ...
ਜਦੋਂ ਮਿਲਦਾ ਏ ਤੇਰੇ ਸੁਭਾਅ ਵਰਗਾ ਕੋਈ ਮੈਂ ਖੁਦ ਬ ਖੁਦ
ਆਕਰਸ਼ਤ
ਹੋ ਜਾਂਦਾ ਹਾਂ। ਓਹਦੇ ਵੱਲ ਤੇ ਕਰਦਾ ਹਾ ਕੋਸ਼ਿਸ਼ ਓਸ ਚੋ
ਤੈਨੂੰ ਲੱਭਣ ਦੀ ਪਰ.....ਅਫਸੋਸ ਹਰ ਕੋਈ ਤੂੰ ਤਾਂ ਨੀ ਨਾ ਹੋ
ਸਕਦੀ..... ਮਨੀ
– ਜਜਬਾਤ ਮੇਰੇ............


ਹਾ ਡੁੱਲ ਜਾਂਦਾ ਹਾਂ ਕਦੇ ਕਦੇ ਦਿਖਾਵਿਆਂ ਤੇ ਵੀ ਇੱਕ
ਬਦਲਾਵ ਦੀ ਉਮੀਦ ਲੈ ਕੇ...ਮਨੀ
– ਜਜਬਾਤ ਮੇਰੇ.............


ਤੈਨੂੰ ਪਤਾ.....
ਅੱਜ ਵੀ ਤਿਆਰ ਜੋਂ ਜਾਂਦਾ ਹਾਂ ਆਪਣੇ ਮਿਲਣ ਵਾਲੀ ਜਗ੍ਹਾ ਤੇ ਜਾਣ
ਲਈ ਜਦੋ ਆਉਂਦਾ ਏ ਤੇਰਾ ਜਨਮਦਿਨ ।
ਪਰ ......ਮੈਨੂੰ ਪਤਾ ਉੱਥੇ ਤੇਰੀਆ ਯਾਦਾ ਸਿਵਾ ਕੁੱਝ ਨੀ ਮਿਲਣਾ ਕਦੇ
ਵੀ....ਮਨੀ
– ਜਜਬਾਤ ਮੇਰੇ............



ਤੈਨੂੰ ਪਤਾ ਮੈਨੂੰ ਗੁਲਾਮ ਹੋਣਾ ਪਸੰਦ ਨੀ ਸੀ ਪਰ ਪਤਾ
ਨੀ ਕਿਉਂ ਤੇਰੀ ਮੋਹੱਬਤ ਦੇ ਜਾਲ ਚ ਉਲਝਣਾ ਚੰਗਾ
ਲੱਗਿਆ...... ਮਨੀ
– ਜਜਬਾਤ ਮੇਰੇ............



ਆਦਤ ਸਾਡੀ ਬਣ ਕੇ ਓਹਨਾ ਹੋਰ ਨੂੰ ਵਾਦੀ ਬਣਾ ਲਿਆ ਏ।
ਸਾਡੇ ਗਲ ਵਿੱਚ ਹਿਜਰ ਦਾ ਫੰਦਾ ਪਵਾ ਓਹਨਾ ਹਾਰ ਗੈਰ ਦੀਆ ਬਾਹਾ
ਦਾ ਅਪਨੇ ਗਲ ਵਿੱਚ ਪਾਂ ਲਿਆ ਏ.....ਮਨੀ
– ਜਜਬਾਤ ਮੇਰੇ............


ਹਵਸ ਹੁੰਦੀ ਤਾਂ ਕੱਦ ਦਾ ਗੰਡ ਲੈਂਦਾ ਹੋਰ ਨਾਲ ਜੋ ਤੋੜ ਕੇ ਗਿਆ ਸੀ ਇਹ ਤਾਂ ਮੋਹੱਬਤ ਏ ਸੱਜਣਾ ।
ਜੋ ਤੇਰੇ ਛੱਡਣ ਦੇ ਬਾਅਦ ਵੀ ਛੱਡ ਨੀ ਪਾਇਆ ਤੈਨੂੰ....ਮਨੀ


– ਜਜਬਾਤ ਮੇਰੇ............





ਸਮੇਂ ਰਹਿੰਦੇ ਪਾਂ ਲੈ ਮੈਨੂੰ ਪਾਂ ਸਕਦਾ ਏ ਤਾਂ ਨਹੀਂ ਤਾਂ ਇਹ ਨਾਂ ਹੋਵੇ ਫਿਰ ਮਿਲ ਕੇ ਵੀ ਨਾ ਮਿਲਾ ਤੈਨੂੰ...ਮਨੀ
– ਜਜਬਾਤ ਮੇਰੇ............


ਕਿਹਾ ਸੀ ਨਾ ਵਖਤ ਬਲਵਾਨ ਹੁੰਦਾ ਏ.....
ਵਖਤ ਮੰਗ ਰਹੇ ਨੇ ਸਾਡੇ ਤੋਂ ਓਹ ਲੋਕ ਜਿੰਨਾ ਕੋਲ ਵਖਤ ਹੀ ਨਹੀ ਸੀ ਸਾਡੇ ਬਾਰੇ ਸੋਚਣ ਦਾ...ਮਨੀ
– ਜਜਬਾਤ ਮੇਰੇ............



ਕਿਹਾ ਸੀ ਨਾ ਵਖਤ ਬਲਵਾਨ ਹੁੰਦਾ ਏ.....
ਜਿੰਨਾ ਕੋਲ ਸਾਡੇ ਲਈ ਵਖਤ ਨਹੀਂ ਸੀ ਅੱਜ ਵਖਤ ਸਾਡੇ ਤੋਂ ਮੰਗ ਰਹੇ ਨੇ । ਜਿੰਨਾ ਧੋਖਾ ਦਿੰਦਿਆ ਇੱਕ ਪਲ਼ ਵੀ ਸਾਡਾ ਸੋਚਿਆ ਨਹੀਂ ਅੱਜ ਗੱਲ ਸਾਡੇ ਨਾਲ ਕਰਦਿਆ ਦੇ ਬੁੱਲ ਓਹਨਾ ਦੇ ਕੰਬ ਰਹੇ ਨੇ....ਮਨੀ
– ਜਜਬਾਤ ਮੇਰੇ............


ਹਾਂ ਚੁੱਪ ਰਹਿਣਾ ਹੀ ਚੰਗਾ ਹੁੰਦਾ ਏ ਮਿੱਤਰਾ ਜਦੋ ਆਪਣਿਆਂ ਨੂੰ ਤੁਹਾਡੀਆਂ
ਗੱਲਾ ਸ਼ੋਰ ਲੱਗਣ ਲੱਗ ਜਾਣ।
ਨਹੀਂ ਤਾਂ ਲੋਕ ਪਾਗ਼ਲ ਦਾ ਦਰਜਾ ਦੇਣ ਲੱਗੇ ਹੁਣ ਬਹੁਤਾ ਵਖਤ ਨੀ
ਲਗਾਉਂਦੇ ....ਮਨੀ
– ਜਜਬਾਤ ਮੇਰੇ............


ਦਮ ਘੁਟਨ ਲੱਗਦਾ ਏ ਜਨਾਬ ਖਿਆਲਾਂ ਦਾ ਵੀ ਤਾਹੀ ਤਾਂ ਲਿਖ ਲਈਦਾ
ਜਨਾਬ ਆਖਿਰ ਇਹਨਾਂ ਚ ਵੀ ਤਾਂ ਜਾਨ ਹੁੰਦੀ ਏ ਸਾਹ ਲੈਂਦੇ ਨੇ ਮਨਾ ਦੇ
ਅੰਦਰ.... ਮਨੀ
– ਜਜਬਾਤ ਮੇਰੇ............

ਸੜਦੇ ਓਹੀ ਨੇ ਜੋਂ ਮੁਕਾਬਲਾ ਨੀ ਕਰ ਸਕਦੇ ਮੁਕਾਬਲਾ ਕਰਨ ਯੋਗ ਕਦੇ ਵੀ ਸੜਦੇ ਨੀ... ਮਨੀ


– ਜਜਬਾਤ ਮੇਰੇ..........





ਜੇ ਤੈਨੂੰ ਇਹ ਲੱਗਦਾ ਐ ਨਾਂ ਕੇ ਤੂੰ ਚਲਾਕ ਐ ਨਾ ਤਾਂ ਇਹ ਤੇਰੀ ਸਭ ਤੋਂ ਵੱਡੀ ਬੇਵਕੂਫੀ ਐ ਕਿਉਕਿ ਫ਼ਰੇਬੀ ਚਲਾਕ ਨੀ ਧੋਖੇਬਾਜ਼ ਹੁੰਦਾ ਏ....ਮਨੀ


– ਜਜਬਾਤ ਮੇਰੇ............




ਚੰਗੇ ਦੋਸਤ ਸ਼ੀਸ਼ੇ ਵਰਗੇ ਹੁੰਦੇ ਨੇ ਜੋਂ ਤੁਹਾਡਾ ਅਸਲੀ ਚੇਹਰਾ ਹਮੇਸ਼ਾ
ਤੁਹਾਡੇ ਸਾਹਮਣੇ ਰੱਖਦੇ ਨੇ ।
ਮਾੜੇ ਮਿੱਤਰ ਹਮੇਸ਼ਾ ਮੇਕਅੱਪ ਦਾਂ ਕੰਮ ਕਰਦੇ ਨੇ ਜੋਂ ਤੁਹਾਡੀਆਂ
ਬੁਰਾਈਆਂ ਤੇ ਵੀ ਪਾਲਸ਼ ਮਾਰਦੇ ਨੇ.... ਮਨੀ
– ਜਜਬਾਤ ਮੇਰੇ.............


ਧੋਖੇਬਾਜ ਇਨਸਾਨ ਇਤਬਾਰ ਦੀ ਅਹਿਮੀਅਤ ਉਦੋਂ ਤੱਕ ਨੀ ਸਮਝ
ਸਕਦਾ ਜਿੰਨਾ ਚਿਰ ਉਸਦਾ ਆਪਣਾ ਕੀਤਾ ਇਤਬਾਰ ਕਿਸੇ ਦੁਆਰਾ ਤੋੜ ਨੀ ਦਿੱਤਾ ਜਾਂਦਾ....ਮਨੀ
– ਜਜਬਾਤ ਮੇਰੇ............


ਬੇਪਰਵਾਹ ਕਦੇ ਸਫਾਈ ਨੀ ਦਿੰਦੇ ਭਾਵੇ ਸਹੀ ਹੋਣ ਜਾਂ ਗਲਤ
ਸਫਾਈ ਓਹੀ ਦਿੰਦੇ ਨੇ ਜਿੰਨਾ ਨੂੰ ਰਿਸ਼ਤੇ ਟੁੱਟਣ ਦਾ ਡਰ
ਹੁੰਦਾ....ਮਨੀ
– ਜਜਬਾਤ ਮੇਰੇ............



ਕੁੱਝ ਵੀ ਇੱਕੋ ਜਿਹਾ ਕਦੇ ਨੀ ਰਹਿੰਦਾ ਮਾਂ ਬਾਪ ਦੇ ਪਿਆਰ ਤੋਂ
ਬਿਨਾਂ ਜੋ ਹਮੇਸ਼ਾ ਸਥਿਰ ਰਹਿੰਦਾਂ ਏ....,ਮਨੀ
– ਜਜਬਾਤ ਮੇਰੇ...........



ਤੈਨੂੰ ਪਤਾ.....
ਤੈਨੂੰ ਮਿਲਣ ਤੋਂ ਬਾਅਦ ਏਦਾ ਮਹਿਸੂਸ ਹੁੰਦਾ ਏ ਜਿਵੇਂ
ਬਿਮਾਰ ਨੂੰ ਦਵਾਈ ਮਿਲਣ ਤੇ ਬਾਅਦ ਹੁੰਦਾ...ਮਨੀ
– ਜਜਬਾਤ ਮੇਰੇ...........



ਓਹ ਬੜਾ ਚੰਗਾ ਸੀ ਲੋਕ ਓਸੇ ਲਈ ਵਰਤਦੇ ਨੇ ਜੋ ਹਰੇਕ ਦਾ ਦਿਲ ਤੋ ਕਰਦਾ ਮਿੱਤਰਾ ।
ਨਹੀਂ ਤਾਂ ਬਹੁਤੇ ਦਿਮਾਗ ਵਾਲਿਆ ਦਾ ਤਾਂ ਲੋਕ ਜਨਾਜੇ ਪਿੱਛੋ ਨਾਮ ਲੈਣਾ ਵੀ ਪਸੰਦ ਨੀ ਕਰਦੇ...ਮਨੀ
– ਜਜਬਾਤ ਮੇਰੇ............



ਜੁੜਨਾ ਤਾਂ ਰੂਹ ਤੋਂ ਜੁੜੀ ਸੱਜਣਾ ਤਾਂ ਕੇ ਟੁੱਟ ਕੇ ਵੀ ਨਾਂ ਟੁੱਟ ਸਕੇ ਮੇਰੇ ਨਾਲੋ ਨਹੀਂ ਜਿਸਮਾਨੀ ਮੇਲ ਤਾਂ ਟੁੱਟਦੇ ਦੇਖੇ ਨੇ ਮਨ ਭਰਨ ਤੋਂ ਬਾਅਦ.....ਮਨੀ
— ਜਜਬਾਤ ਮੇਰੇ............



ਉਹ ਡਰ ਕਦੇ ਮਾੜਾ ਨੀ ਹੋ ਸਕਦਾ ਜੋਂ ਤਹਾਨੂੰ ਮਾੜੇ ਪਾਸੇ ਜਾਣ ਤੋ ਰੋਕਦਾ ਹੋਵੇ ਚਾਹੇ ਓਹ ਡਰ ਬਾਪ ਦਾ ਹੋਵੇ ਚਾਹੇ ਮਾਂ ਦਾ...ਮਨੀ
– ਜਜਬਾਤ ਮੇਰੇ............



ਹਾਂ ਅੱਜ ਵੀ ਡਰ ਕੇ ਉੱਠ ਖੜਦਾ ਹਾ ਨੀਂਦ ਚੋਂ ਜਦੋ ਦੇਖਦਾ ਹਾਂ
ਤੈਨੂੰ ਕਿਸੇ ਹੋਰ ਦਾ ਹੱਥ ਫ਼ੜਿਆ।
ਤੇ ਸ਼ੁਕਰ ਮਨਾਉਂਦਾ ਹਾਂ ਕੇ ਸੁਪਨਾ ਸੀ ਪਰ....
ਅਫ਼ਸੋਸ ਏਸ ਸੁਫ਼ਨੇ ਨੂੰ ਹਕੀਕਤ ਬਣੇ ਤਾਂ ਵਰੇ ਬੀਤ ਗਏ...ਮਨੀ
– ਜਜਬਾਤ ਮੇਰੇ............



ਓਹ ਕਦੇ ਆਪਣਾ ਬਣ ਕੇ ਤਾਂ ਮਿਲੀ ਯਾਰਾ ਜੇ ਤੇਰਾ ਕਰਨ ਕਰਨ ਲਈ
ਆਪਣਾ ਆਪ ਨਾ ਭੁੱਲ ਗਏ ਤਾਂ ਕਹੀ... ਮਨੀ
– ਜਜਬਾਤ ਮੇਰੇ............



ਸੱਚ ਜਾਣੀ....
ਜੇ ਤੇਰੀ ਮੇਰੇ ਕੋਲ ਰਹਿਣ ਦੀ ਕ਼ੀਮਤ ਮੇਰੀ ਚੁੱਪ ਹੁੰਦੀ ਨਾਂ ਮੈਂ ਬੁੱਲ
ਸਿਓਂ ਲੈਂਦਾ ਪਰ ਤੈਨੂੰ ਦੂਰ ਨੀ ਹੋਣ ਦੇਣਾ ਸੀ ....ਮਨੀ
– ਜਜਬਾਤ ਮੇਰੇ.............


ਕੁੜੀਆਂ ਚਿੜੀਆ....
ਜਿਗਰ ਦੇ ਟੋਟੇ ਦੂਰ ਕਰਨੇ ਕਿਹੜਾ ਸੌਖੇ ਆ ਮਿੱਤਰਾ ਰੂਹਾਂ ਤੱਕ
ਹਲੂਣੀਆ ਜਾਂਦੀਆ ਨੇ ਤੋਰਨ ਲੱਗਿਆ...ਮਨੀ
– ਜਜਬਾਤ ਮੇਰੇ.............



ਤੈਨੂੰ ਪਤਾ....
ਮੈ ਜਾਣਦਾ ਸੀ ਕੇ ਤੂੰ ਮੈਥੋਂ ਦੂਰ ਹੋ ਜਾਣਾ ਫਿਰ ਵੀ ਮੈਂ ਕਦੇ ਦਿਲ ਨੂੰ ਪੈਣ
ਵਾਲੀ ਜੁਦਾਈ ਦਾ ਅਹਿਸਾਸ ਨੀ ਹੋਣ ਦਿੱਤਾ ਕਦੇ ...ਮਨੀ
– ਜਜਬਾਤ ਮੇਰੇ..............


ਓਹ ਕਦੇ ਆਪਣਾ ਬਣ ਕੇ ਤਾਂ ਮਿਲੀ ਯਾਰਾ ਜੇ ਤੇਰਾ ਕਰਨ ਕਰਨ ਲਈ
ਆਪਣਾ ਆਪ ਨਾ ਭੁੱਲ ਗਏ ਤਾਂ ਕਹੀ... ਮਨੀ
– ਜਜਬਾਤ ਮੇਰੇ..............


ਲੋਕ ਤਾਂ ਬਹੁਤ ਮਿਲੇ ਨੇ ਜੋਂ ਕਹਿੰਦੇ ਨੇ ਮਨੀ ਖੁੱਦ ਨੂੰ ਕੱਲਾ ਨਾ ਸਮਝੀ ਕਦੇ ਵੀ ਅਸੀ ਤੇਰੇ ਨਾਲ ਹਾ।
ਪਰ ਮਾਂ ਤੇਰੇ ਵਰਗਾ ਕੋਈ ਨੀ ਮਿਲਿਆ ਤੂੰ ਕਦੇ ਕਿਹਾ ਤਾਂ ਨੀ ਪਰ ਕਦੇ ਕੱਲਾ ਨੀ ਮਹਿਸੂਸ ਹੋਣ ਦਿੱਤਾ...ਮਨੀ
– ਜਜਬਾਤ ਮੇਰੇ............



ਮੈਨੂੰ ਲੱਗਿਆ ਇਹੀ ਸੱਚ ਏ...?
ਬਹੁਤਾ ਫ਼ਰਕ ਨੀ ਪੈਂਦਾ ਮਿੱਤਰਾ ਤੇਰੇ ਹਾਲ ਚਾਲ ਨਾਲ ਲੋਕਾਂ ਨੂੰ ।
ਇਹ ਤਾਂ ਐਵੇ ਫਾਰਮੈਲਿਟੀ ਦੇ ਤੌਰ ਤੇ ਪੁੱਛ ਲੈਂਦੇ ਨੇਂ ਵੀ ਕੀ ਹਾਲ ਐ ਮਨੀ।
ਜਦ ਕੇ ਅਸਲ ਚ ਹਾਲ ਕੋਈ ਨੀ ਜਾਣਨਾ ਚਾਹੁੰਦਾ ਹੁੰਦਾ... ਮਨੀ
– ਜਜਬਾਤ ਮੇਰੇ............



ਸੱਚ ਜਾਣੀ.....
ਜੋ ਮਰ ਜਾਂਦੇ ਨੇ ਓਹਨਾ ਨੂੰ ਭੁੱਲਣਾ ਤਾਂ ਫਿਰ ਵੀ ਆਸਾਨ ਹੁੰਦਾ ਏ ਯਾਰਾਂ
ਜਦ ਜਿਉਂਦੇ ਜਾਗਦੇ ਆਪਣੇ ਦੂਰ ਹੁੰਦੇ ਨੇ ਨਾਂ ਤਾਂ ਹੱਸਦੇ ਵੱਸਦੇ ਇਨਸਾਨ ਚ
ਵੀ ਸ਼ਮਸ਼ਾਨ ਵਰਗੀ ਸ਼ਾਂਤੀ ਪੈਂਦਾ ਹੋ ਜਾਂਦੀ ਏ ... ਮਨੀ
– ਜਜਬਾਤ ਮੇਰੇ............





ਅਹੰਕਾਰ ਚੰਗਾ ਨੀ ਮਿੱਤਰਾ.....
ਮਿਲ ਜਾਂਦਾ ਓਹ ਮੈਨੂੰ ਪਰ ਅਹੰਕਾਰ ਮੇਰਾ ਮੇਰੇ ਇਸ਼ਕ ਦੇ ਆੜੇ ਆ ਗਿਆ ਏ।
ਮੇਰੀ ਦੇਖ ਫ਼ਿਤਰਤ ਮਤਲਬੀ ਜਿਹੀ ਓਹ ਦਿਲ ਦੇ ਚਾਅ ਬਸ ਦਿਲ ਦੇ ਵਿੱਚ ਦਬਾ ਗਿਆ ਏ।
ਕੀ ਦੱਸਾ ਕੀ ਕੀ ਪਾਇਆ ਮੈ ਇੱਕ ਹਉਮੈ ਨਾਂ ਦਾਂ ਸ਼ਬਦ ਯਾਰਾ ਮੇਰੇ ਰਿਸ਼ਤੇ ਨਾਤੇ ਖਾ ਗਿਆ ਏ।
ਓਹ ਗੱਲ ਨੀ ਕਰਦਾ ਮੈਂ ਕਿਓ ਕਰਾ ਬੱਸ ਇਹੀ ਚੰਦਰਾ ਗੁਮਾਨ ਮੇਰਾ ਮੈਨੂੰ ਰਾਹ ਹਿਜਰਾ ਦੇ ਪਾ ਗਿਆ ਏ... ਮਨੀ

– ਜਜਬਾਤ ਮੇਰੇ............



ਬੋਲਣਾ ਤਾਂ ਸਾਰੇ ਹੀ ਸਿੱਖਦੇ ਹਨ ਚੁੱਪ ਰਹਿਣਾ ਆਉਣਾ ਵੀ ਜਰੂਰੀ ਹੁੰਦਾ ਏ... ਮਨੀ
– ਜਜਬਾਤ ਮੇਰੇ............


ਇਹ ਤਾਂ ਜੁਬਾਨਾਂ ਦੇ ਸੌਦੇ ਹੁੰਦੇ ਨੇ ਸ਼ੇਰਾ ਨਹੀ ਤਾਂ ਬੇਗੈਰਤ ਤਾਂ ਮੈਂ ਗਵਾਹਾਂ ਦੇ ਹੁੰਦਿਆਂ ਵੀ ਮੁਕਰਦੇ ਦੇਖੇ ਆ... ਮਨੀ
– ਜਜਬਾਤ ਮੇਰੇ............


ਮੈ ਰਾਤ ਦੇ ਕੋਲੋਂ ਪੁੱਛਿਆ ਕੇ ਮੈ ਤੈਨੂੰ ਕੱਲਾ ਨੀ ਲੱਗਦਾ ਅੱਗੋ ਕਹਿੰਦੀ....
ਹਾਂ ਪਰ ਸਿਰਫ ਬਾਹਰੋਂ ਈ ਲੱਗਦਾ ।
ਅੰਦਰੋ ਤਾਂ ਓਹਦੇ ਖਿਆਲ ਹਰ ਪਲ ਲਿਪਟੇ ਰਹਿੰਦੇ ਨੇ ਤੇਰੇ ਮਨ
ਨਾਲ...ਮਨੀ
– ਜਜਬਾਤ ਮੇਰੇ............


ਜਰਾ ਸੰਭਲ ਕੇ....
ਜਿਸ ਮੋੜ ਤੇ ਗੈਰ ਦੀ ਤੱਕਦਾ ਏ ਓਸੇ ਮੌੜ ਤੇ ਮਿੱਤਰਾ ਕੱਲ ਨੂੰ ਤੇਰੀ ਨੇ ਵੀ ਖੜ੍ਹਨਾ ਏ।
ਜੋ ਤੇਰਾ ਪੜ੍ਹਨ ਨੂੰ ਚਿੱਤ ਕਰੇ ਓਹੀ ਸਬਕ ਓਹਨੇ ਕੱਲ ਪੜ੍ਹਨਾ ਏ।
ਏਸ ਤੋਂ ਗਿਰੀ ਜਮੀਰ ਦਾ ਬੰਦਾ ਹੋਰ ਕੋਈ ਨੀ ਹੋ ਸਕਦਾ ਜੋਂ ਯਾਰ ਦੀ ਭੈਣ ਤਕਾਉਂਦਾ ਏ।
ਇਤਿਹਾਸ ਖੋਲ ਕੇ ਦੇਖੀ ਬੇਗੈਰਤਾਂ ਤੇਰੇ ਵਰਗੇ ਬੰਦਿਆ ਦਾ ਜੋ ਟੱਪ ਗਏ ਹੱਦਾ ਗਿਰਨ ਦੀਆ ਨਾਂ ਓਹਨਾ ਦਾ ਕਾਲੇ ਅੱਖਰਾਂ ਵਿੱਚ ਆਉਂਦਾ ਏ....ਮਨੀ
– ਜਜਬਾਤ ਮੇਰੇ............



ਹਰੇਕ ਦਾ ਹੋ ਜਾਣਾ ਵੀ ਚੰਗੀ ਗੱਲ ਨੀ ਯਾਰਾਂ ਤੇਰੀ ਏਸ ਆਦਤ ਨੇ ਕਿਸੇ ਵਖਤ ਤੈਨੂੰ
ਆਪਣਾ ਵੀ ਨੀ ਰਹਿਣ ਦੇਣਾ..ਮਨੀ
– ਜਜਬਾਤ ਮੇਰੇ............


ਤੈਨੂੰ ਪਤਾ.....
ਤੇਰੇ ਨੇੜੇ ਹੋਣ ਦੀ ਖੁਸ਼ੀ ਨੇ ਮੈਨੂੰ ਸੱਭ ਤੋਂ ਦੂਰ ਹੋਣ ਦੇ ਗਮ ਦਾ ਰਤਾ ਜਿੰਨਾ ਵੀ
ਅਹਿਸਾਸ ਨੀ ਹੋਣ ਦਿੱਤਾ...ਮਨੀ
– ਜਜਬਾਤ ਮੇਰੇ............


ਓਥੇ ਗੱਲ ਕਰਨ ਦਾ ਕੀ ਫ਼ਾਇਦਾ ਜਿੱਥੇ ਜਵਾਬ ਵਖਤ ਨਾਲ ਆਵੇ ਈ ਨਾਂ।
ਓਹਨੂੰ ਜ਼ਿੰਦਗੀ ਚੋਂ ਬਾਹਰ ਕਰਨ ਦਾ ਕੀ ਵੀ ਫ਼ਾਇਦਾ ਜੋਂ ਦਿਲ ਚੋਡੇ ਚੋ ਜਾਵੇਂ ਈ ਨਾ...ਮਨੀ


– ਜਜਬਾਤ ਮੇਰੇ............





ਇਸ਼ਕ ਤਾਂ ਮੈਨੂੰ ਵੀ ਹੋਇਆ ਪਰ ਹੋਇਆ ਉਮਰ ਨਿਆਣੀ ਸੀ।
ਮੈਂ ਇਤਬਾਰ ਕੀਤਾ ਓਹਨੇ ਤੋੜ ਦਿੱਤਾ ਬੱਸ ਏਨੀ ਮੇਰੀ ਕਹਾਣੀ ਸੀ।
ਮੈਂ ਅਹਿਸਾਸ ਖੋਲਤੇ ਉਹਨੇ ਨਾਸਮਝ ਜੇਹਾ ਬਣ ਸਭ ਰੋਲਤੇ ।
ਓਹ ਪੜ੍ਹ ਲਿਖ ਲੱਗੇ ਕੁੱਝ ਜਿਆਦਾ ਈ ਵੱਡਾ ਹੋਗਿਆ ਸੀ ਵੈਸੇ ਕਹਿਣ ਨੂੰ ਤਾਂ
ਅਸੀ ਹਾਣੋ ਹਾਣੀ ਸੀ...ਮਨੀ
– ਜਜਬਾਤ ਮੇਰੇ............



ਫੋਨ ਤਾਂ ਅੱਜ ਵੀ ਆਉਂਦਾ ਏ ਓਹਦਾ ਪਰ....
ਹੁਣ ਨਾਂ ਤਾਂ ਗੱਲਾਂ ਰਹੀਆਂ ਨੇ ਮੇਰੇ ਕੋਲ ਨਾ ਹੀ ਮੈਂ....ਮਨੀ
– ਜਜਬਾਤ ਮੇਰੇ.............



ਕਹਿੰਦਾ ਜੀ...
ਆਜ਼ਾਦੀ ਤਾਂ ਐਨੀ ਐ ਜਨਾਬ ਕੇ ਕੱਪੜੇ ਈ ਆਪਣੀ ਮਰਜੀ ਦੇ ਪਾਂ ਲਈਏ
ਨਾਂ ਤਾਂ....
ਲੋਕ ਸਾਡੇ ਚਰਿੱਤਰ ਦੇ ਅੰਦਾਜੇ ਲਾਉਣ ਲੱਗ ਜਾਂਦੇ ਐ....ਮਨੀ
– ਜਜਬਾਤ ਮੇਰੇ............



ਯਾਰੀਆਂ.....
ਲੋਕ ਤਾਂ ਬਹੁਤ ਮਿਲੇ ਸੀ ਪਰ ਮਿਲੇ ਮਤਲਬ ਕੱਢ ਕੇ ਜਾਣ ਲਈ ਹੀ ਸੀ।
ਬਸ.....
ਓਹੀ ਸੀ ਜੋਂ ਬਿਨਾਂ ਮਤਲਬ ਤੋਂ ਮਿਲੇ ਹਮੇਸ਼ਾ ਲਈ ਨਾਲ ਰਹਿਣ ਲਈ...... ਮਨੀ
– ਜਜਬਾਤ ਮੇਰੇ.............



ਓਹਦੇ ਦਿੱਤੇ ਸਮੇਂ ਵਿੱਚੋਂ ਓਹਦੇ ਲਈ ਕੁੱਝ ਖਾਸ ਸਮਾਂ ਕੱਢ ਕੇ ਓਹਨੂੰ ਬਹੁਤਾ ਯਾਦ ਕਰਨ
ਦਾ ਦਿਖਾਵਾਂ ਕਰਨਾ ਮੈਨੂੰ ਬੇਤੁਕਾ ਜੇਹਾ ਲੱਗਦਾ ਏ।
ਏਸ ਤੋ ਚੰਗਾ ਲੱਗਦਾ ਏ ਓਹਨੂੰ ਹਰ ਵਖਤ ਥੋੜਾ ਥੋੜਾ ਯਾਦ ਕਰਨਾਂ...ਮਨੀ
– ਜਜਬਾਤ ਮੇਰੇ.............



ਗੱਲ ਏ ਨੀ ਕੇ ਤੂੰ ਗੱਲ ਸਾਡੇ ਨਾਲ ਕਰਦਾ ਨੀ ਮਸਲਾ ਏ ਆ ਕੇ ਤੂੰ ਵਖਤ ਹੋਰਾ ਨੂੰ ਦੇ ਰਿਹਾ ਏ।
ਮਸਲਾ ਏ ਨੀ ਕੇ ਤੂੰ ਖਿਆਲ ਹੋਰਾ ਦਾ ਰੱਖਦਾ ਏ ਗੱਲ ਇਹ ਆ ਕੇ ਤੂੰ ਭਾਵਨਾਵਾਂ ਸਾਡੀਆਂ ਫੇਹ ਰਿਹਾ ਏ...... ਮਨੀ
– ਜਜਬਾਤ ਮੇਰੇ............



ਅਹਿਮੀਅਤ ਬੜਾ ਮਹਿੰਗਾ ਸ਼ਬਦ ਐ ਦੋਸਤਾ ਏਸ ਨੂੰ ਸਸਤੀ ਸੋਚ ਦੇ ਲੋਕਾਂ ਲਈ ਵਰਤ ਕੇ ਬਰਬਾਦ ਨਾਂ ਕਰਨਾਂ...... ਕਾਫੀ ਸੌਖੇ ਰਹੋਗੇ....ਮਨੀ
– ਜਜਬਾਤ ਮੇਰੇ..............



ਇਹਨੂੰ ਗ਼ੈਰਤ ਕਹਿੰਦੇ ਆ ਸੱਜਣਾ ਖੁਦਗਰਜ਼ੀ ਨੀ...
ਹਾਂ ਪਿੱਛੇ ਹੱਟਦੇ ਆ ਪਰ ਸਿਰਫ ਓਹਨਾਂ ਰਿਸ਼ਤਿਆਂ ਤੋਂ ਜਿੰਨਾ ਨੇ ਕਦੇ
ਅੱਗੇ ਵਧਣ ਦੀ ਚਾਹਤ ਨੀ ਰੱਖੀ... ਮਨੀ
– ਜਜਬਾਤ ਮੇਰੇ.............


ਸੱਚ ਜਾਣੀ......
ਯਾਦਾ ਦੀ ਆਈ ਹਨੇਰੀ ਵੇਂ ਮੇਰੀ ਰੂਹ ਜਿਸਨੇ ਸੀ ਘੇਰੀ ਵੇ ਮੇਰਾ ਬੜਾ ਨੁਕਸਾਨ ਕਰਾ ਤੁਰਗੀ ।
ਮੈਂ ਜਿੱਥੋਂ ਕਦਮ ਕਦਮ ਕਰ ਨਿਕਲਿਆ ਸੀ ਮੇਰਾ ਪੈਰ ਬੜੀ ਵਾਰ ਤਿਲਕਿਆ ਸੀ।
ਜੋਂ ਜਾਣਾ ਚਾਹੁੰਦਾ ਨਹੀਂ ਸੀ ਓਥੋਂ ਮੇਰਾ ਦਿਲ ਵੀ ਕਈ ਵਾਰ ਵਿਲਕਿਆ ਸੀ ਮੈਨੂੰ ਭੂਤਕਾਲ ਦੇ ਰਾਹ ਸੱਜਣਾ ਅਫ਼ਸੋਸ ਦੋਬਾਰਾ ਪਾਂ ਤੁਰਗੀ...... ਮਨੀ
— ਜਜਬਾਤ ਮੇਰੇ.............


ਅਸਮਾਨ ਕੋਲੋਂ ਪੁੱਛਿਆ ਤਾਰਿਆ ਦੇ ਨਾਲ ਵੀ ਮੈ ਤੇਰੇ ਪਿੱਛੇ ਰੁੱਸਿਆ
ਪਰ ਕਿਸੇ ਨੇ ਨੀ ਦਿੱਤਾ ਮੈਨੂੰ ਪਤਾ ਤੈਰੇ ਘਰ ਦਾ।
ਇੱਕ ਰੀਝ ਪਨਪਦੀ ਏ ਮੇਰੇ ਦਿਲ ਦੇ ਵਿੱਚ ਸੱਜਣਾ ਤੈਨੂੰ ਇੱਕ ਵਾਰ ਮਿਲਣੇ ਦੀ ਰਹਿ
ਜਾਵੇ ਅਧੂਰੀ ਨਾਂ ਇੱਕ ਏਸੇ ਗੱਲ ਕੋਲੋ ਦਿਲ ਰਹਿੰਦਾ ਏ ਡਰਦਾ... ਮਨੀ
– ਜਜਬਾਤ ਮੇਰੇ............



ਕੀ ਖਿਆਲ ਆ....
ਤੇਰੀ ਜੁਬਾਨ ਚੋ ਨਿਕਲਦੇ ਸ਼ਬਦ ਤੇਰਾ ਕਿਰਦਾਰ ਸਿਰਜਦੇ ਨੇ ਮਿੱਤਰਾ ਹੁਣ ਇਹ ਤੇਰੇ ਹੱਥ ਐ ਵੀ ਉਹ ਬਣਾਉਣਾ ਜਿਸਨੂੰ ਦੁਸ਼ਮਣ ਵੀ ਪਿਆਰ ਕਰਨ ਜਾ ਓਹ ਜਿਸ ਤੋ ਆਵਦੇ ਵੀ ਨਫਰਤ ਕਰਨ.....ਮਨੀ
– ਜਜਬਾਤ ਮੇਰੇ............


ਇਹ ਤਾਂ ਜਮੀਰਾਂ ਦੀ ਗੱਲ ਐ ਮਿੱਤਰਾ ਕੋਈ ਮਾਰ ਲੈਂਦਾ ਤੇ ਕਿਸੇ ਦੀ ਮਰ ਕੇ ਵੀ ਨੀ ਮਰਦੀ...ਮਨੀ
– ਜਜਬਾਤ ਮੇਰੇ............



ਗੱਲ ਇਹ ਨੀ ਕੇ ਤੂੰ ਦੂਰ ਹੋ ਗਿਆ ਗੱਲ਼ ਇਹ ਐ ਵੀ ਤੂੰ ਓਨਾ ਦੇ ਨੇੜੇ ਹੋ
ਗਿਆ ਸੱਜਣਾ ਜਿਹੜੇ ਤੀਜੇ ਦਿਨ ਕਰੀਬੀ ਬਦਲ ਲੈਂਦੇ ਨੇ...ਮਨੀ
– ਜਜਬਾਤ ਮੇਰੇ...........


ਮਾਫੀ ਚੰਗਾ ਸ਼ਬਦ ਹੈ ਪਰ...ਇਹਦੀ ਕਦਰ ਤਾਹੀ ਪੈਂਦੀ ਐ ਜੇ ਤੁਸੀ ਇਹਨੂੰ ਦੋਬਾਰਾ ਨਾ ਵਰਤਣ ਦਾ ਵਾਅਦਾ ਕਰਦੇ ਹੋ ਤਾਂ.....ਮਨੀ


– ਜਜਬਾਤ ਮੇਰੇ............






ਕੀ ਖਿਆਲ ਐ...
ਹੌਂਸਲੇ ਦੀ ਕੋਈ ਮਿਆਦ ਨੀ ਹੁੰਦੀ ਤੇ ਕਿਸੇ ਦੇ ਜਿੰਦਗੀ ਚੋ ਚਲੇ ਜਾਣ ਨਾਲ
ਜਿੰਦਗੀ ਬਰਬਾਦ ਨੀ ਹੁੰਦੀ।
ਜਿੰਦਗੀ ਦੀ ਖੇਤੀ ਨੂੰ ਨਾ ਪਾਈ ਜਹਿਰ ਤੂੰ ਨਸ਼ਿਆ ਦੀ ਇਹ ਐਸੀ ਜੜ ਮਿੱਤਰਾ
ਜੇ ਖਤਮ ਇੱਕ ਵਾਰ ਹੋਈ ਤਾਂ ਮੁੜ ਆਬਾਦ ਨੀ ਹੁੰਦੀ....ਮਨੀ
– ਜਜਬਾਤ ਮੇਰੇ.............


ਦਿਲ ਦਾ ਚੰਗਾ ਹੋਣਾ ਹੀ ਕਾਫੀ ਨਹੀਂ ਮੇਰੇ ਦੋਸਤ ਕਈ ਵਾਰ ਜੁਬਾਨ ਦੇ
ਬੋਲਾ ਅੱਗੇ ਦਿਲ ਦੀ ਚੰਗਿਆਈ ਫਿੱਕੀ ਪੈ ਜਾਇਆ ਕਰਦੀ ਏ...... ਮਨੀ
– ਜਜਬਾਤ ਮੇਰੇ.............


ਕਹਿੰਦਾ ਤੂੰ ਕਮਾਲ ਦੇਖ ਪਤਾ ਨੀ ਕਿਸ ਤਰ੍ਹਾਂ ਸਮਾ ਗਿਆ ਏ ਮੇਰੇ ਅੰਦਰ
ਨਾਮ ਕਿਸੇ ਹੋਰ ਦਾ ਲੈਣੇ ਆ ਖਿਆਲ ਤੇਰੇ ਆਉਂਦੇ ਨੇ....ਮਨੀ
– ਜਜਬਾਤ ਮੇਰੇ............
YourQuote.in


ਅੱਖਾਂ ਦੇ ਨਾਲ ਚੀਰੇ ਜਾਂਦੇ ਕੱਪੜੇ ਕੁੜੀਆ ਦੇ ਮੈ ਕਿੱਦਾ ਕਹਿ ਦਿਆ ਬਿਨ ਹੱਥ ਲਾਇਆ
ਬਲਾਤਕਾਰ ਨਹੀ ਹੁੰਦੇ।
ਜੇਹੜੇ ਕਰਨ ਘਿਨਾਉਣੇ ਕੰਮ ਏਦਾ ਦੇ ਦਾਅਵਾ ਕਰਦਾ ਮੋਢੇ ਓਹਨਾ ਦਿਆ ਤੋ ਇੱਜਤਾਂ
ਦੇ ਭਾਰ ਸਹਾਰ ਨਹੀਂ ਹੁੰਦੇ... ਮਨੀ
– ਜਜਬਾਤ ਮੇਰੇ.............


ਓਹ ਬਦਲੇ ਬਦਲੇ ਲੱਗਦੇ ਨੇ ਪਰ ਵਜ੍ਹਾ ਪਤਾ ਨਹੀਂ।
ਅਫ਼ਸੋਸ ਨਹੀ ਕੇ ਓਹ ਜਾਣੂ ਕਰਵਾ ਗਿਆ ਏ ਦਰਦਾ ਦੀਆ ਪੀੜਾ ਤੌਂ ਦੁੱਖ ਐ ਕਿਸ ਗੱਲ ਦੀ ਓਹ ਦੇ ਗਿਆ ਸਜਾ ਪਤਾ ਨਹੀਂ.... ਮਨੀ
– ਜਜਬਾਤ ਮੇਰੇ............


ਖੁੱਲੀ ਛੋਟ ਏ ਮਿੱਤਰਾ ਲੈ ਲਾ ਜਿੰਨੇ ਇਮਤਿਹਾਨ ਲੈਣੇ ਆ ਪਰ ਇੱਕ ਸ਼ਰਤ ਐ.........
ਮੇਰੀ ਵਾਰੀ ਆਉਣ ਤੇ ਮੌਤ ਦੀ ਦੁਆ ਨਹੀਂ ਕਰੇਗਾ ਤੂੰ....ਮਨੀ
– ਜਜਬਾਤ ਮੇਰੇ.............



ਉਂਗਲ ਚੱਕਣ ਵਾਲੇ ਤਾਂ ਬਹੁਤ ਮਿਲਣ ਗੇ ਮਿੱਤਰਾ ਪਰ ਉਂਗਲ ਫੜਨ
ਵਾਲਾ ਬਾਪੂ ਤੋਂ ਬਿਨਾ ਕੋਈ ਵਿਰਲਾ ਈ ਮਿਲਦਾ.... ਮਨੀ
– ਜਜਬਾਤ ਮੇਰੇ............



ਜਾ ਚੁੱਕੇ ਲੋਕਾਂ ਨੂੰ ਫੜਕੇ ਬੈਠ ਜਾਣਾ ਵੀ ਕੋਈ ਬਹੁਤੀ ਚੰਗੀ ਗਲ ਨੀ
ਮਿੱਤਰਾ ਤੂੰ ਏਸ ਆਦਤ ਚ ਓਨਾ ਨੂੰ ਗਵਾ ਬੈਠੇ ਗਾ ਜੋਂ ਕਦੇ ਨਾ ਜਾਣਾ ਚਾਹੁੰਦੇ ਹੋਣ.....ਮਨੀ
– ਜਜਬਾਤ ਮੇਰੇ............


ਨਸ਼ਿਆਂ ਦੀ ਜੋ ਕਰਨ ਮਸ਼ਹੂਰੀ ਓਹ ਚੈਨਲ ਕੀ ਸੱਚ ਦਿਖਾਵਣ ਗੇ ।
ਬੈਠਿਆਂ ਬੈਠਾਏ ਇਹ ਨਾਂ ਸੋਚੀ ਦਿਨ ਚੰਗੇ ਆ ਜਾਵਣ ਗੇ।
ਪੈਸੇ ਨੂੰ ਹੀ ਮੁੱਖ ਰੱਖ ਕੇ ਜੋਂ ਲੇਖਕ ਕਲਮ ਚਲਾਉਂਦੇ ਨੇ ਇਹ ਨਾ ਸੋਚੀ ਮਿੱਤਰਾ ਕੇ ਓਹ ਕਦੇ ਵੀ ਸੱਚ ਲਿਖ ਜਾਵਣ ਗੇ...ਮਨੀ


– ਜਜਬਾਤ ਮੇਰੇ.............






ਜੇ ਦੋਸਤ ਤੁਹਾਡੇ ਮਾੜੇ ਕੱਪੜਿਆ ਕਰਕੇ ਲੋਕਾਂ ਚ ਤਹਾਨੂੰ ਪਛਾਨਣ ਤੋ ਮਨਾ ਕਰ ਦੇਵੇ ਨਾ ਮਿੱਤਰਾ ਤਾਂ....
ਏਸੇ ਦੋਸਤ ਨਾਲੋ ਦੋ ਦੁਸ਼ਮਣ ਰੱਖਲੀ ਦਾਅਵਾ ਕਰਦਾ ਤੇਰੇ ਨਾਲ ਰਿਸ਼ਤੇ ਨੂੰ ਝੁਟਲਾਉਣ ਗੇ ਨੀ.... ਮਨੀ
– ਜਜਬਾਤ ਮੇਰੇ............



ਭੋਲਾ ਦਿਲ.....
ਹਾ ਮੰਨਦਾ ਵੀ ਆਪਾ ਵੱਖ ਹੋ ਗਏ ਆ ਕਦੇ ਨਾਂ ਮਿਲਣ ਲਈ ਪਰ ਤੈਨੂੰ ਪਤਾ ਅੱਜ ਵੀ
ਜਦੋਂ ਅਣਜਾਣ ਨੰਬਰ ਤੋਂ ਫੋਨ ਆਉਂਦਾ ਨਾ ਤਾਂ ਮੈਨੂੰ ਏਦਾਂ
ਲੱਗਦਾ ਵੀ ਮੈਂ ਫੋਨ ਚੱਕਣਾ ਤੇ ਅੱਗੋਂ ਤੂੰ ਬੋਲਣਾ ਵੀ ..... ਕੀ ਹਾਲ ਏ.....ਮਨੀ
– ਜਜਬਾਤ ਮੇਰੇ.............


ਹਾਂ.......
ਉਹ ਸਦੀਆਂ ਬਾਅਦ ਆਇਆ ਤੇ ਦਿਲ ਦਾ ਬੰਦ ਦਰਵਾਜ਼ਾ ਦੇਖ ਕੇ ਮੁੜ ਗਿਆ
ਅਫਸੋਸ.....
ਉਹਨੂੰ ਇਹ ਨੀ ਪਤਾ ਸੀ ਕਿ ਅਸੀ ਦਿਲ ਦੇ ਬੂਹੇ ਤਾ ਭੇੜੇ ਸੀ ਵੀ ਉਸਤੋ ਬਿਨਾਂ ਕੋਈ
ਹੋਰ ਨਾ ਅੰਦਰ ਲੰਘ ਆਵੇ..... ਮਨੀ
– ਜਜਬਾਤ ਮੇਰੇ............


ਤੈਨੂੰ ਪਤਾ....
ਅਧੂਰੀਆਂ ਲਿਖਤਾਂ ਨੂੰ ਪੂਰਾ ਕਰਨ ਲਈ ਮੈਨੂੰ ਫਿਰ ਤੋਂ ਤੈਨੂੰ ਯਾਦ ਕਰਨਾ ਪੈਂਦਾ ਏ
ਹੁਣ ਤੂਹੀ ਸੋਚ ਵੀ .......
ਤੂੰ ਕੀ ਏ ਮੇਰੇ ਲਈ....ਮਨੀ
– ਜਜਬਾਤ ਮੇਰੇ.............



ਛੱਡਣ ਵਾਲੇ ਤਾਂ ਛੱਡ ਜਾਂਦੇ ਨੇ ਲਾ ਬਹਾਨਾ ਮਜਬੂਰੀਆ ਦਾ ।
ਜੋ ਨੇੜੇ ਕਿਸੇ ਦੇ ਕਦੇ ਹੋਏ ਈ ਉਹ ਜਾਨਣ ਦਰਦ ਕੀ ਦੂਰੀਆਂ ਦਾ।
ਪਹਿਲਾਂ ਸਭ ਨੂੰ ਬੁਰਾ ਜਾਂ ਲੱਗਦਾ ਜਦ ਛੱਡ ਕੇ ਸਾਨੂੰ ਤੁਰ ਜਾਂਦੇ ਮੁੱਲ ਓਦੋਂ ਈ ਪਤਾ ਜਾਂ
ਲੱਗਦਾ ਏ ਮਾਪਿਆਂ ਦੀਆਂ ਵੱਟੀਆਂ ਘੂਰੀਆਂ ਦਾ...ਮਨੀ
– ਜਜਬਾਤ ਮੇਰੇ............



ਤੇਰੇ ਲਈ ਦੀਵਾ ਬਾਲਦੀ ਆ ਵੇ ਜਦੋ ਸਾਰੇ ਸੌਂ ਜਾਂਦੇ ਤੈਨੂ ਅੱਧੀ ਰਾਤੀ ਭਾਲਦੀ ਆ ।
ਤੂੰ ਤਾਂ ਕਦੇ ਸਮਜਿਆ ਈ ਨਹੀਂ ਤਾਹੀ ਹੋਗਿਆ ਗੈਰ ਹੱਸਕੇ ਤੇ ਮੈ ਜ਼ਿੰਦਗੀ ਪਈ ਗਾਲਦੀ ਆ...... ਮਨੀ
– ਜਜਬਾਤ ਮੇਰੇ............



ਤੇਰੇ ਜਾਣ ਬਾਅਦ ਲੋਕ ਤਾਂ ਬਹੁਤ ਮਿਲੇ ਪਰ...
ਅਫ਼ਸੋਸ ਸਿਰਫ ਲੋਕ ਹੀ ਮਿਲੇ ਕੋਈ ਆਪਣਾ ਨਹੀਂ....ਮਨੀ
– ਜਜਬਾਤ ਮੇਰੇ............



ਕੁੱਝ ਸ਼ਿਕਵੇ.....
ਦੋ ਗੱਡੀਆਂ ਚੱਲੀਆ ਨੇ ਵੇ ਦੋ......
ਗੈਰਾਂ ਲਈ ਤੂੰ ਚਿੱਠੀਆਂ ਵੇ ਕਿਓ ਸਾਡੇ ਹੱਥ ਘੱਲੀਆ ਨੇ
ਉਹਨਾਂ ਤੈਨੂੰ ਛੱਡ ਦੇਣਾ ਦ ਵੇ ਓਹਨਾ ਤੈਨੂੰ ....ਜਦੋ ਓਹਨਾ ਪਤਾ ਲੱਗਣਾ ਕੇ ਜੂਹਾਂ
ਸਾਡੇ ਦਿਲ ਵਾਲੀਆਂ ਤੂੰ ਪਹਿਲਾ ਈ ਮੱਲੀਆ ਨੇ.....ਮਨੀ
– ਜਜਬਾਤ ਮੇਰੇ............



ਮੈਂ ਸੁਣਿਆ ਤਾਂ ਸੀ ਵੀ ਲੋਕ ਬਦਲ ਜਾਂਦੇ ਆ ਪਰ ਸੱਚ ਜਾਣੀ ਮੈਂ ਤੈਨੂੰ
ਕਦੇ ਵੀ.....
ਓਹਨਾ ਲੋਕਾ ਚ ਨੀ ਗਿਣਿਆ ਸੀ...ਮਨੀ
– ਜਜਬਾਤ ਮੇਰੇ..........



ਸਹੀ ਐ ਨਾ.....
ਮੈਨੂੰ ਦੇਖ ਕੇ ਤੇਰਾ ਨਜਰਾਂ ਚਰਾਉਣਾ ਬਿਆਨ ਕਰਦਾ ਮਿੱਤਰਾ
ਕੇ ਮੈ ਓਦੋਂ ਵੀ ਗਲਤ ਨਹੀਂ ਸੀ ਤੇ ਤੂੰ ਅੱਜ ਵੀ ਸਹੀ ਨਹੀਂ ਏ...ਮਨੀ
– ਜਜਬਾਤ ਮੇਰੇ..............


ਜਜਬੇ ਦੇ ਬਿਨਾਂ ਨੀ ਮੁਕਾਮ ਪਾਏ ਜਾਂਦੇ ਮਿਹਨਤਾਂ ਤੋ ਬਿਨਾਂ ਪੈਂਦੀਆਂ ਨੀ ਪੂਰੀਆਂ ।
ਕੋਈ ਨਾ ਕੋਈ ਗੱਲ ਜਰੂਰ ਹੁੰਦੀ ਐ ਬਿਨਾ ਗੱਲੋਂ ਰੱਬ ਨਾਂ ਪਵਾ ਵੇ ਦੂਰੀਆ....ਮਨੀ
– ਜਜਬਾਤ ਮੇਰੇ.........



ਤੈਨੂੰ ਪਤਾ.....
ਮੈਨੂੰ ਓਹ ਤਸਵੀਰਾਂ ਬਿਲਕੁਲ ਹੀ ਚੰਗੀਆ ਨੀ ਲੱਗਦੀਆ ਜਿੰਨਾ ਚ ਤੂੰ
ਨਾ ਹੋਵੇ ਭਾਵੇਂ ਓਹ ਤਸਵੀਰਾਂ.....
ਮੇਰੀਆ ਹੀ ਕਿਓ ਨਾ ਹੋਣ...ਮਨੀ
– ਜਜਬਾਤ ਮੇਰੇ.............


ਮੈਨੂੰ ਬੇਤੁਕਾ ਜਿਹਾ ਲੱਗਦਾ ਏ ਗੱਲ ਗੱਲ ਤੇ ਲਵ ਯੂ ਕਹਿਣਾ।
ਜਿਸਮ ਤਾਂ ਕੱਠੇ ਰਹਿੰਦੇ ਆ ਰੂਹਾਂ ਦਾ ਵੱਖ ਜਿਹਾ ਰਹਿਣਾ।
ਮੈਨੂੰ ਬੇਤੁਕਾ ਜੇਹਾ ਲੱਗਦਾ ਏ ਏਦਾ ਦੇ ਇਸ਼ਕ਼ ਚ ਪੈਣਾ।
ਪਹਿਲਾ ਕਰਕੇ ਵਾਅਦੇ ਗੁੱਡੀ ਸਿਖਰ ਚੜਾ ਦੇਣੀ ਗੱਲ ਉਮਰਾਂ ਦੀ ਜਿੱਥੇ
ਆਵਣ ਤੇ ਧੋਖੇ ਦਾਂ ਖੰਜਰ ਸਹਿਣਾ ।
ਕਿਓ ਯਾਰ ਦੇ ਹਿਜਰ ਚ ਰੋਣਾ ਏ ਕੀ ਤੇਰਾ ਕੋਈ ਪਰਵਾਰ ਨਹੀਂ
ਜਿੱਥੇ ਪਿਆਰ ਭੁਲਾ ਕਈ ਸਾਲਾਂ ਦਾ ਬੱਸ ਯਾਰ ਨੂੰ ਰੱਬ ਮੰਨ ਲੈਣਾ।
ਮੈਨੂੰ ਬੇਤੁਕਾ ਜੇਹਾ ਲੱਗਦਾ ਏ ਗੱਲ ਗੱਲ ਤੇ ਲਵ ਯੂ ਕਹਿਣਾ.....ਮਨੀ
– ਜਜਬਾਤ ਮੇਰੇ............


ਕਿੱਥੋਂ ਸਿੱਖੀ ਐ ਅਦਾ ਵੇ ਤੂੰ ਰੂਹ ਸਾੜਨੇ ਦੀ ??
ਮੈਂ ਜਿਸਮ ਸਾੜ ਦੇ ਦੇਖੇ ਨੇ
ਕਿੱਥੋਂ ਸਿੱਖੀ ਐ ਅਦਾ ਵੇ ਤੂੰ ਧੋਖੇ ਨਾਲ ਮਾਰਨੇ ਦੀ ??
ਮੈਂ ਲੋਕੀ ਸੂਲੀ ਚਾੜ ਕੇ ਮਾਰਦੇ ਦੇਖੇ ਨੇ...ਮਨੀ
– ਜਜਬਾਤ ਮੇਰੇ............


ਬੁਲਾ ਤਾਂ ਮੈਂ ਵੀ ਸਕਦਾ ਤੈਨੂੰ ਉੱਥੇ ਜਿੱਥੇ ਕੋਈ ਨਾ ਹੋਵੇ ਆਪਣੇ ਤੋ
ਇਲਾਵਾ ਪਰ ਸੱਚ ਦੱਸਾਂ...... ਮੈਂ ਤੈਨੂੰ ਮੁਹੱਬਤ ਕਰਦਾ ਸੀ....ਮਨੀ
– ਜਜਬਾਤ ਮੇਰੇ...........


ਮੈ ਸੁਣਿਆ ਜੋ ਲੇਖਾ ਵਿੱਚ ਲਿਖਿਆ ਓਹ ਮਿਲ ਹੀ ਜਾਂਦਾ ਕਾਸ਼.....
ਤੂੰ ਵੀ ਮੇਰੇ ਲੇਖਾਂ ਚ ਲਿਖੀ ਹੋਵੇ ਤੇ ਮਿਲ ਜਾਵੇ ਜਿਵੇਂ ਤੇਰੇ ਖਿਆਲ ...
ਮਿਲ ਮਿਲਦੇ ਨੇ ਮੇਰੇ ਮਨ ਨੂੰ....ਮਨੀ
– ਜਜਬਾਤ ਮੇਰੇ............



ਜਿਹੜਾ ਕਹਿੰਦਾ ਸੀ ਵਖਤ ਤੇਰੇ ਤੇ ਜਦ ਭਾਰੀ ਪੈਣਾ ਨਾਲ ਤੇਰੇ ਜਦ
ਕਿਸੇ ਨਾ ਰਹਿਣਾ।
ਓਦੋ ਹੱਥ ਨਾ ਤੇਰਾ ਛੱਡਾਗਾਂ ਸਾਰਿਆ ਦੇ ਦਿਲ ਚੋ ਉਤਰ ਜਾਵੇ ਭਾਵੇ
ਖੁਆਬ ਚ ਵੀ ਨਾ ਦਿਲੋ ਤੈਨੂੰ ਕਦੇ ਕੱਢਾਂਗਾ।
ਅੱਜ ਵਖਤ ਨੇ ਜਦ ਪਲਟੀ ਮਾਰੀ ਦੁੱਖਾਂ ਦੀ ਜਦ ਚੱਲੀ ਆਰੀ
ਸਭ ਨੇ ਸਾਥ ਦਾ ਹੱਥ ਵਧਾਇਆ ਵਖਤ ਤਾਂ ਮਿੱਤਰਾ ਬਦਲ ਜਾਵੇਗਾ
ਅਫਸੋਸ ਤਾਂ ਸੱਜਣਾ ਇਸ ਗੱਲ ਦਾ ਏ ਤੂੰ ਵੱਡੇ ਵਾਧੇ ਕਰਨ ਵਾਲਿਆਂ
ਕਿਉਂ ਨਾ ਕਿਤੇ ਵੀ ਨਜ਼ਰੀ ਆਇਆ...... ਮਨੀ
– ਜਜਬਾਤ ਮੇਰੇ............

ਸੱਚ ਜਾਣੀ....

ਚੇਹਰਿਆਂ ਤੇ ਨਾ ਜਾਈਂ ਇਹ ਤਾਂ ਚੋਰ ਹੁੰਦੇ ਨੇ ਅੰਦਰੋ ਕੁਝ ਹੋਰ ਤੇ ਉੱਪਰੋ ਹੋਰ ਹੁੰਦੇ ਨੇ ।
ਉਝ ਮਿਲਦੇ ਤਾਂ ਨੇ ਫੁੱਲ ਬਣਕੇ ਪਰ ਸੱਚ ਜਾਣੀ ਇਹ ਅੰਦਰੋ ਤਿੱਖੀ ਥੋਰ ਹੁੰਦੇ ਨੇ....ਮਨੀ

– ਜਜਬਾਤ ਮੇਰੇ.........




ਜਿੰਦਗੀ ਚੋ ਓਹੀ ਲੋਕ ਬਾਹਰ ਕੀਤੇ ਨੇ ਮਿੱਠਿਆਂ ਜੋਂ ਦਿਸਦੇ ਕੁੱਝ ਹੋਰ ਸੀ।
ਬਣਦੇ ਕੁੱਝ ਹੋਰ ਸੀ ਤੇ ਨਿੱਕਲ ਕੁੱਝ ਹੋਰ ਗਏ....ਮਨੀ
– ਜਜਬਾਤ ਮੇਰੇ............



ਹਾਲਾਤੋ ਜੈਸੇ ਨਹੀਂ ਹੈ ਹਮ ਜੋਂ ਵਖਤ ਕੇ ਸਾਥ ਬਦਲ ਜਾਏਗੇ ਹਾਥ
ਕੀ ਲਕੀਰੋ ਜੈਸਾ ਰੁਤਬਾ ਰਖਾ ਹੈ ਜਨਾਬ ਮਰਤੇ ਦਮ ਤੱਕ ਐਸੇ ਹੀ
ਰਹੇਗੇ.... ਮਨੀ
– ਜਜਬਾਤ ਮੇਰੇ.............

ਫੁੱਲ ਵੀ ਮੁਰਜਾ ਗਏ ਨੇ ਤੇਰੀ ਨਾਹ ਸੁਣਕੇ ਜੋ ਤੇਰੇ ਲਈ ਲਿਆਇਆ ਸੀ।
ਇਹਨਾਂ ਤੋਂ ਵੀ ਤਾਂ ਦੇਖ ਤੇਰਾ ਦੂਰ ਜਾਣਾ ਮੰਨਜੂਰ ਨਹੀ ਹੋਇਆ ।

ਉਂਝ ਟੁੱਟ ਹੀ ਗਿਆ ਸੀ ਮੈਂ ਫਿਰ ਕੀ ਹੋਗਿਆ ਜੇ..... ਟੁੱਟ ਚੂਰ ਨਹੀਂ ਹੋਇਆ......
ਮਨੀ

– ਜਜਬਾਤ ਮੇਰੇ.......





ਤੈਨੂੰ ਪਤਾ.....
ਮੈਂ ਤੈਨੂੰ ਜਿੰਨੇ ਵਾਰ ਵੀ ਤੱਕਿਆ ਤੂੰ ਮੈਨੂੰ ਹਰ ਵਾਰ ਪਹਿਲੇ ਪਿਆਰ ਵਰਗਾ
ਲੱਗਿਆ ਏ ਫਿਰ ਕਿੱਦਾਂ ਕਹਿ ਦਿਆਂ ਵੀ.....
ਆਪਣਾ ਰਿਸ਼ਤਾ ਪੁਰਾਣਾ ਹੋਗਿਆ ਏ....ਮਨੀ
– ਜਜਬਾਤ ਮੇਰੇ.............

ਤੈਨੂੰ ਪਤਾ.....

ਜਦੋਂ ਵੀ ਮਿਲਦਾ ਏ ਕੋਈ ਤੇਰਾ ਕਰੀਬੀ ਤਾਂ ਮੈਂ ਅਕਸਰ ਤੇਰੀ ਤਸਵੀਰ ਦਿਖਾ ਕੇ ਤੇਰੇ ਬਾਰੇ ਪੁੱਛਣ ਲੱਗਦਾ ਹਾਂ ਕਿਓਕਿ ਮੈਨੂੰ ਬੜਾ ਸਕੂਨ ਦਿੰਦੀ

ਏ ਇਹ ਗੱਲ ਜਦੋਂ ਲੋਕ ਕਹਿੰਦੇ ਨੇ......ਓਹ ਬੜਾ ਚੰਗਾ ਸੀ.....ਮਨੀ

– ਜਜਬਾਤ ਮੇਰੇ..........





ਜਰਾ ਦੱਸੀ......


ਸਾਡੇ ਵਾਂਗਰ ਖੂਣ ਦੇ ਲਿੱਬੜੇ ਖਤ ਕੋਈ ਹੁਣ ਲਿਖਦਾ ਏ ਕੇ ਨਹੀਂ।

ਤੇਰੀਆ ਖੁਸ਼ੀਆ ਖਰੀਦਣ ਦੇ ਲਈ ਸਾਡੇ ਵਾਂਗਰ ਸ਼ਰੇਆਮ ਕੋਈ ਹੁਣ ਵਿਕਦਾ ਏ ਕੇ ਨਹੀਂ।

ਮੈ ਜੋਂ ਵੀ ਕਰਦਾ ਸੀ ਤੇਰੇ ਲਈ ਤੂੰ ਨਾ ਖੁਸ਼ ਕਦੇ ਵੀ ਹੁੰਦਾ ਸੀ ।

ਖੁਦ ਮਾਯੂਸ ਹੋ ਕੇ ਤੈਨੂੰ ਖੁਸ਼ ਕਰਨੇ ਦਾ ਵੱਲ ਸਾਡੇ ਵਾਂਗਰ ਤੇਰੇ ਲਈ ਕੋਈ ਸਿੱਖਦਾ ਏ ਕੇ ਨਹੀਂ.... ਮਨੀ

– ਜਜਬਾਤ ਮੇਰੇ............


ਇੱਕ ਗੱਲ ਕਹਾਂ....
ਤੂੰ ਜਦੋ ਮਰਜੀ ਆਵਾਜ਼ ਮਾਰਲੀ ਸੱਜਣਾ ਜਿੱਥੋਂ ਛੱਡ ਕੇ ਜਾਏਗਾ ਉੱਥੇ ਹੀ ਖੜ੍ਹੇ
ਮਿਲਾਗੇ ਪਰ ਇੱਕ ਸ਼ਰਤ ਐ....
ਤੇਰੇ ਵਿਅਸਤ ਹੋਣ ਦੀ ਵਜ੍ਹਾ ਕੋ ਕੋਈ ਹੋਰ ਸੱਜਣ ਨੀ ਹੋਣਾ ਚਾਹੀਦਾ....ਮਨੀ
– ਜਜਬਾਤ ਮੇਰੇ............

ਜਿਹੜੇ ਲੋਕਾਂ ਕੋਲ ਦਾਵੇ ਕਰਦੇ ਨੇ ਨਾ ਵੀ ਸਾਨੂੰ ਛੱਡਤਾ ਓਹਨਾ ਨੂੰ

ਬੇਨਤੀ ਆ ਵੀ ਨਾਲ ਇਹ ਵੀ ਦੱਸ ਦੇਣ ਕੇ ਸਾਨੂੰ ਪਰਖਿਆ ਕਿੰਨੇ ਵਾਰ ਸੀ....ਮਨੀ

– ਜਜਬਾਤ ਮੇਰੇ.............



ਸੱਚ ਸੁਣਨਾ ਹਰੇਕ ਦੇ ਵੱਸ ਦੀ ਗੱਲ ਨੀ ਇਹਦੇ ਲਈ ਬੰਦੇ ਦਾ ਜਾਗਦਾ

ਹੋਣਾ ਹੀ ਕਾਫੀ ਨਹੀਂ ਜਮੀਰ ਵੀ ਜਾਗਦੀ ਹੋਣੀ ਚਾਹੀਦੀ ਐ ਜਨਾਬ...ਮਨੀ

– ਜਜਬਾਤ ਮੇਰੇ............




App Store Preview
Punjabi Library
Tausif Ul Rahman
Free
Android Preview
Punjabi Library - books
GreAtwal Solutions
Contains Ads
Add to Wishlist
ਪੰਜਾਬੀ ਲਾਇਬ੍ਰੇਰੀ
PUNJABI LIBRARY